**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

ਮੀਮੋ ਨੰ ਏਐਸਪੀਡੀ/ਆਈਸੀਟੀ/78596
ਮਿਤੀ ਚੰਡੀਗੜ੍ਹ 28 ਦਸੰਬਰ 2010

**ਵਿਸ਼ਾ** **ਪੰਜਾਬ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਖਾਲੀ ਅਸਾਮੀਆਂ ਵਿਰੁੱਧ ਅਧਿਆਪਕਾਂ ਦੀ ਤੈਨਾਤੀ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਪੰਜਾਬ ਰਾਜ ਦੇ ਵੱਖ-ਵੱਖ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਘਾਟਾ ਹੁੰਦਾ ਰਹਿੰਦਾ ਹੈ । ਇਸ ਘਾਟੇ ਵਾਧੇ ਨੂੰ ਮੁੱਖ ਰੱਖਦਿਆਂ ਅਤੇ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਜ ਸਰਕਾਰ ਵੱਲੋਂ ਇਕ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਤਿਆਰ ਕੀਤੀ ਗਈ ਸੀ ਅਤੇ ਇਸ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਮੁਤਾਬਿਕ ਜ਼ਿਲ੍ਹਾ ਸਿੱਖਿਆ ਅਫਸਰਾਂ ਤੋਂ ਤਜਵੀਜਾ ਮੰਗਵਾਉਣ ਉਪਰੰਤ ਰਾਜ ਸਰਕਾਰ ਵੱਲੋਂ ਲੋੜੀਂਦੇ ਹੁਕਮ ਜਾਰੀ ਕੀਤੇ ਗਏ ਸਨ । ਪਰੰਤੂ ਅਜੇ ਤੀਕ ਕਈ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਲੋੜੀਂਦੀ ਸੂਚਨਾ ਭੇਜਦੇ ਸਮੇ ਖਾਲੀ ਅਸਾਮੀਆਂ ਦੇ ਵੇਰਵੇ ਅਤੇ ਵਾਧੂ ਅਧਿਆਪਕਾਂ ਦੇ ਵੇਰਵੇ ਨਹੀਂ ਦੱਸੇ ਜਾਂਦੇ ਹਨ । ਇਸ ਅਨੁਸਾਰ ਕੁੱਝ ਅਧਿਆਪਕ ਜ਼ਿਲ੍ਹਾ ਸਿੱਖਿਆ ਅਫਸਰ ਲੋੜੀਂਦੀ ਰਿਪੋਰਟ ਲੈ ਕੇ ਸਰਕਾਰ ਪਾਸ ਵੀ ਬਿਨੈ ਪੱਤਰ ਪੇਸ਼ ਕਰਦੇ ਹਨ ਕਿ ਉਹਨਾਂ ਦੀ ਬਦਲੀ ਖਾਲੀ ਅਸਾਮੀ ਤੇ ਕਰ ਦਿੱਤੀ ਜਾਵੇ ਜਦੋਂ ਕਿ ਵਿਦਿਆਰਥੀਆਂ ਦੀ ਗਿਣਤੀ ਨੂੰ ਵੇਖਦੇ ਹੋਇਆ ਇਨ੍ਹਾਂ ਅਸਾਮੀਆਂ ਦੀ ਲੋੜ ਹੀ ਨਹੀਂ ਹੈ । ਇਨ੍ਹਾਂ ਬਿਨੈ-ਪੱਤਰਾਂ ਕਰਕੇ ਸਰਕਾਰ ਦਾ ਸਮਾਂ ਨਸ਼ਟ ਹੁੰਦਾ ਹੈ ਅਤੇ ਪ੍ਰਸ਼ਾਸਨ ਨੂੰ ਵੀ ਦਿੱਕਤਾਂ ਪੇਸ਼ ਆਉਂਦੀਆਂ ਹਨ ।

3.0 ਇਸ ਸਾਰੇ ਮੁੱਦੇ ਨੂੰ ਵਿਚਾਰਿਆ ਗਿਆ ਹੈ ਅਤੇ ਹੇਠਾ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆ ਜਾਂਦੀਆਂ ਹਨ :-

3.1 ਜ਼ਿਲ੍ਹਾ ਸਿੱਖਿਆ ਅਫਸਰ ਕਿਸੇ ਵੀ ਸਕੂਲ ਬਾਰੇ ਖਾਲੀ ਅਸਾਮੀਆਂ ਦਾ ਵੇਰਵਾ ਦੇਣ ਸਮੇ ਇਸ ਗੱਲ ਨੂੰ ਯਕੀਨੀ ਬਨਾਉਣ ਕਿ ਉਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਅਸਾਮੀ ਦੀ ਲੋੜ ਹੈ ਜਾਂ ਨਹੀਂ ;

3.2 ਜੇਕਰ ਕਿਸੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਅਧਿਆਪਕਾਂ ਦੀ ਲੋੜ ਨਹੀਂ ਹੈ ਤਾਂ ਇਸ ਅਸਾਮੀ ਨੂੰ ਖਾਲੀ ਨਾ ਦੱਸਿਆ ਜਾਵੇ ;

3.3 ਜੇਕਰ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਤਹਿਤ ਜਾਰੀ ਕੀਤੇ ਹੁਕਮਾਂ ਅਨੁਸਾਰ ਉਹ ਥਾਂ ਭਰ ਗਈ ਹੈ ਤਾਂ ਉਸ ਥਾਂ ਨੂੰ ਕਿਸੇ ਵੀ ਸੂਰਤ ਵਿੱਚ ਖਾਲੀ ਨਾ ਵਿਖਾਇਆ ਜਾਵੇ ;

3.4 ਜੇਕਰ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਤਹਿਤ ਜਾਰੀ ਕੀਤੇ ਹੁਕਮਾਂ ਦੇ ਮੱਦੇ ਨਜ਼ਰ ਸਕੂਲਾਂ ਦੇ ਅਧਿਆਪਕਾਂ ਦੀ ਤੰਨਖਾਹ ਖਜਾਨੇ ਤੋਂ ਕਢਵਾਉਣ ਵਿੱਚ ਕੋਈ ਦਿੱਕਤ ਆ ਰਹੀਂ ਹੈ ਤਾਂ ਇਸ ਦੀ ਸਪੱਸ਼ਟ ਤਜਵੀਜ ਮੁੱਖ ਦਫਤਰ ਨੂੰ ਭਿਜਵਾਈ ਜਾਵੇ ;

3.5 ਇਸੀ ਤਰ੍ਹਾਂ ਜੇਕਰ ਰੈਸ਼ਨੈਲਾਈਜ਼ੇਸ਼ਨ ਤੋਂ ਪਹਿਲਾਂ ਕੋਈ ਖਾਲੀ ਥਾਂ ਸੀ, ਪਰੰਤੂ ਵਿਦਿਆਰਥੀਆਂ ਦੀ ਗਿਣਤੀ ਘੱਟਣ ਕਰਕੇ ਉਸ ਸਕੂਲ ਵਿੱਚ ਉਸ ਅਸਾਮੀ ਦੀ ਕੋਈ ਲੋੜ ਨਾ ਹੋਵੇ ਤਾਂ ਉਸ ਅਸਾਮੀ ਨੂੰ ਵੀ ਖਾਲੀ ਨਾ ਮੰਨਿਆ ਜਾਵੇ ।

4.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਨਾ ਕੀਤੀ ਜਾਵੇ ।

5.0 ਇਹ ਪੱਤਰ ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਦੇ ਹੁਕਮ ਮਿਤੀ 22.12.2010 ਮੁਤਾਬਕ ਜਾਰੀ ਕੀਤਾ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਮਿਤੀ

ਇਸ ਦਾ ਉਤਾਰਾ ਹੇਠਾ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

(1) ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ (ਸੈ.ਸਿ.) ਅਤੇ (ਐ.ਸਿ.)

(2) ਸੁਪਰਡੰਟ, ਸਿੱਖਿਆ 2, 6 ਅਤੇ 7

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਮਿਤੀ

ਇਸ ਦਾ ਉਤਾਰਾ ਨਿਜੀ ਸਹਾਇਕ / ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਨੂ ਉਹਨਾਂ ਦੀ ਸੂਚਨਾ ਹਿੱਤ ਭੇਜਿਆ ਜਾਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ